# ਮਨੋਰੰਜਨ ਫ਼ੀਸ ਦੀ ਮਦਦ ਦਾ ਪਰੋਗਰਾਮ

ਮਨੋਰੰਜਨ ਫ਼ੀਸ ਦੀ ਮਦਦ ਦਾ ਪਰੋਗਰਾਮ ਉਹਨਾਂ ਨੂੰ ਮਨੋਰੰਜਨ ਰੁਝੇਵਿਆਂ ਵਿਚ ਭਾਗ ਲੈਣ ਲਈ ਮੌਕੇ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ਮਾਇਕ ਸਹਾਇਤਾ ਦੀ ਲੋੜ ਹੁੰਦੀ ਹੈ ।

## ਇਹ ਕਿਉਂ ਮਹੱਤਵਪੂਰਨ ਹੈ ?

ਸਾਡਾ ਵਿਸ਼ਵਾਸ਼ ਹੈ ਕਿ ਹਮਿਲਟਨ ਦੇ ਸਾਰੇ ਨਿਵਾਸੀਆਂ ਨੂੰ ਮਨੋਰੰਜਨ ਰੁਝੇਵਿਆਂ ਵਿਚ ਹਿੱਸਾ ਲੈਣ ਤੋਂ ਪ੍ਰਾਪਤ ਹੋਣ ਵਾਲ਼ੇ ਸਰੀਰਕ, ਸਮਾਜਕ ਅਤੇ ਭਾਵ-ਆਤਮਕ ਫ਼ਾਇਦਿਆਂ ਦਾ ਅਨੁਭਵ ਹੋਵੇ ।

## ਕੌਣ ਯੋਗ-ਪਾਤਰ ਹੈ ?

ਹਮਿਲਟਨ ਵਿਚ ਰਹਿਣ ਵਾਲ਼ੇ ਵਿਅਕਤੀ ਅਤੇ ਪਰਿਵਾਰ ਜਿਹੜੇ ਘੱਟ ਆਮਦਨ ਦੀ ਰੇਖਾ (LICO) ਤੋਂ ਹੇਠਾਂ ਹਨ ।

## ਕੀ ਮਿਲ ਸਕਦਾ ਹੈ ?

ਫ਼ੀਸ ਦੀ ਮਦਦ ਉਹਨਾਂ ਪਰਿਵਾਰਾਂ ਨੂੰ ਮਿਲ ਸਕਦੀ ਹੈ ਜਿਹਨਾਂ ਦੇ ਨਿਰਭਰ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਬਾਲਗ / ਬਜ਼ੁਰਗ ਹਨ ।

ਪਰਿਵਾਰਾਂ ਲਈ :

- ਮਨੋਰੰਜਨ ਅਦਾਰੇ ਦਾ ਮੁਫ਼ਤ ਪਰਿਵਾਰਕ ਪਾਸ ।
- $150.00 ਪ੍ਰਤੀ ਬੱਚੇ ਦੇ ਹਿਸਾਬ ਨਾਲ਼ ਹਮਿਲਟਨ ਸ਼ਹਿਰ ਵਲੋਂ ਪੇਸ਼ ਕੀਤੇ ਮਨੋਰੰਜਨ ਪਰੋਗਰਾਮਾਂ ‘ਤੇ 12 ਮਹੀਨਿਆਂ ਦੌਰਾਨ ਖਰਚਣ ਵਾਸਤੇ ।
- 50% ਛੋਟ, ਵੱਧ ਤੋਂ ਵੱਧ ਸਾਲਾਨਾ $100.00 ਪ੍ਰਤੀ ਬੱਚੇ ਤੱਕ ਉਹਨਾਂ ਛੋਟੀਆਂ ਸੰਸਥਾਵਾਂ ਦੀਆਂ ਹਾਊਸ ਲੀਗ ਖੇਡਾਂ ਦੀ ਰਜਿਸਟਰੇਸ਼ਨ ਫ਼ੀਸ ਲਈ, ਜਿਹੜੀਆਂ ਹਮਿਲਟਨ ਸ਼ਹਿਰ ਦੀਆਂ ਮਨੋਰੰਜਨ ਸੁਵਿਧਾਵਾਂ ਵਰਤਦੀਆਂ ਹਨ ( ਹਾਕੀ, ਬੇਸ-ਬਾਲ, ਬਾਸਕਟ-ਬਾਲ, ਸੌਕਰ, ਲਕਰੌਸ, ਫ਼ੁੱਟ-ਬਾਲ, ਫ਼ਿੱਗਰ- ਸਕੇਟਿੰਗ ) ।
- ਹਰ ਸਾਲ ਗਰਮੀਆਂ ਵਿਚ 3 ਹਫ਼ਤਿਆਂ ਤੱਕ ਕਿਡਾਕਾ ਕੈਂਪ ਲਈ ਘੱਟ ਕੀਤੀ ਹਫ਼ਤਾਵਾਰੀ ਫ਼ੀਸ

**ਬਾਲਗਾਂ / ਬਜ਼ੁਰਗਾਂ ਲਈ :**

- ਹਿੱਸਾ ਲੈਣ ਲਈ ਸਾਲਾਨਾ ਪਾਸ ‘ਤੇ 75% ਛੋਟ

**ਜਾਂ**

- ਸਾਲਾਨਾ ਵਾਟਰਫ਼ਿਟ ਪਾਸ ‘ਤੇ 50% ਛੋਟ ।

## ਅਰਜ਼ੀ ਕਿਵੇਂ ਦੇਣੀ ਹੈ ?

1. ਮਨੋਰੰਜਨ ਫ਼ੀਸ ਮਦਦ ਫ਼ਾਰਮ ਭਰੋ। ਇਹ ਤੁਹਾਡੇ ਨੇੜੇ ਦੇ ਮਨੋਰੰਜਨ ਸੈਂਟਰ ‘ਤੇ ਉਪਲਭਦ ਹੈ ਜਾਂ www.hamilton.ca/recreation ਤੋਂ ਪਰਿੰਟ ਹੋਣ ਜੋਗ ਫ਼ਾਰਮ ਲੈ ਲਵੋ ।

2. ਕਮਾਈ ਦਾ ਮੰਨਣਯੋਗ ਪਰਮਾਣ ਦੇਵੋ : ਓਨਟੈਰੀਓ ਵਰਕਸ (OW) ਪ੍ਰਾਪਤ ਕਰਤਾ ਹੋਣੇ ਚਾਹੀਦੇ ਹੋ ਅਤੇ ਚਾਲੂ ਮਹੀਨੇ ਦੇ ਡਰੱਗ ਬੈਨਿਫ਼ਿਟ ਕਾਰਡ (Drug Benefit Card) ਦੀ ਕਾਪੀ ਦਿਉ ।

ਜਾਂ

ਓਨਟੈਰੀਓ ਦੇ ਡਿਸਏਬਿਲਿਟੀ ਸਪੋਰਟ (ਮਦਦ) ਪਰੋਗਰਾਮ (ODSP) ਪ੍ਰਾਪਤ ਕਰਤਾ ਹੋਣੇ ਚਾਹੀਦੇ ਹੋ ਅਤੇ ਚਾਲੂ ਮਹੀਨੇ ਦੇ ਡਰੱਗ ਬੈਨਿਫ਼ਿਟ ਕਾਰਡ (Drug Benefit Card) ਦੀ ਕਾਪੀ ਦਿਉ ।

ਜਾਂ

ਸਾਂਝੀ ਪਰਿਵਾਰਕ ਆਮਦਨ LICO ਦੀ ਰੇਖਾ ਤੋਂ ਘੱਟ ਹੈ ਅਤੇ ਸਰਕਾਰ ਵਲੋਂ ਘਰ ਵਿਚ ਹਰ ਬਾਲਗ ਨੂੰ ਜਾਰੀ ਕੀਤੇ ਗਏ ਅਸੈਸਮੈਂਟ ਨੋਟਿਸ ਦੀ ਕਾਪੀ ਦਿਉ ( ਅਰਜ਼ੀ ਫ਼ਾਰਮ ‘ਤੇ LICO ਦੇ ਮੌਜੂਦਾ ਰੇਟ ਦੇਖੋ) ।

3. ਰਿਹਾਇਸ਼ ਦਾ ਮੰਨਣਯੋਗ ਪਰਮਾਣ ਦੇਵੋ । ਅਸੀਂ ਸਿਰਫ਼ ਹੇਠਾਂ ਲਿਖੇ ਹੀ ਸਵੀਕਾਰ ਕਰਦੇ ਹਾਂ :

- ਯੂਟਿਲਿਟੀ ਬਿੱਲ ( ਬਿਜਲੀ, ਕੇਬਲ, ਫੋਨ, ਗੈਸ )
- ਡਰਾਈਵਰ ਲਸੰਸ ਜਾਂ ਓਨਟੈਰੀਓ ਫ਼ੋਟੋ ਕਾਰਡ ਦੀ ਕਾਪੀ
- ਪਰੌਪਰਟੀ ਟੈਕਸ ਬਿੱਲ
- ਬੈਂਕ ਸਟੇਟਮੈਂਟ
- ਟਾਈਪ ਕੀਤੀ ਹੋਈ ਕਿਰਾਏਦਾਰੀ ਦੇ ਇਕਰਾਰਨਾਮੇ ਦੀ ਕਾਪੀ

4. ਆਪਣੇ ਭਰੇ ਹੋਏ ਕਾਗ਼ਜ਼ ਇਸ ਕਿਤਾਬਚੇ ਵਿਚ ਦਿੱਤੇ ਪਤਿਆਂ ’ਤੇ ਜਮ੍ਹਾਂ ਕਰਵਾਉ ( ਕਿਰਪਾ ਕਰਕੇ ਕਾਰਵਾਈ ਲਈ 2 ਹਫ਼ਤਿਆਂ ਦਾ ਸਮਾਂ ਦਿਉ )*

* ਮਸਰੂਫ਼ ਵਕ਼ਤ ਦੌਰਾਨ ਵੱਧ ਸਮਾਂ ਲਗ ਸਕਦਾ ਹੈ । ਅਧੂਰੀਆਂ ਅਰਜ਼ੀਆਂ ’ਤੇ ਗੌਰ ਨਹੀਂ ਕੀਤਾ ਜਾਏਗਾ ।

## ਹਮਿਲਟਨ ਸ਼ਹਿਰ ਦੇ ਮਨੋਰੰਜਨ ਸੈਂਟਰ :

**Ancaster Aquatic Centre ( ਐਨਕੈਸਟਰ ਐਕੁਐਟਿਕ ਸੈਂਟਰ )**
47 Meadowbrook Dr, Ancaster
**Ancaster Rotary Centre (** ਐਨਕੈਸਟਰ ਰੋਟਰੀ ਸੈਂਟਰ )
385 Jerseyville Rd W, Ancaster
**Bennetto Recreation Centre (** ਬੈਂਨੈਟੋ ਰੈਕਰੀਏਸ਼ਨ ਸੈਂਟਰ )
450 Hughson St N, Hamilton
**Bernie Morelli Recreation Centre**
876 Cannon St E, Hamilton, ON L8L 0C6
**Central Memorial Recreation Centre (** ਸੈਂਟਰਲ ਮੈਮੋਰੀਅਲ ਰੈਕਰੀਏਸ਼ਨ ਸੈਂਟਰ )
93 West Ave S, Hamilton
**Dalewood Recreation Centre (** ਡੇਲਵੁੱਡ ਰੈਕਰੀਏਸ਼ਨ ਸੈਂਟਰ )
1150 Main St W, Hamilton
**Dominic Agostino Riverdale Recreation Centre (** ਡੋਮਿਨਿਕ ਐਗੋਸਟੀਨੋ ਰੈਕਰੀਏਸ਼ਨ ਸੈਂਟਰ )
150 Violet Dr, Stoney Creek
**Bernie Morelli Recreation Centre**
876 Cannon St E, Hamilton, ON L8L 0C6

**Dundas Community Pool (ਡੰਡਸ ਕਮਿਊਨਿਟੀ ਪੂਲ )**
39 Market St S, Dundas
**Dundas Lions Memorial Community Centre (**ਡੰਡਸ ਲਾਇਨਜ਼ ਮੈਮੋਰੀਅਲ ਕਮਿਊਨਿਟੀ ਸੈਂਟਰ )
10 Market St S, Dundas
**H.G. Brewster Pool ( ਏਚ. ਜੀ. ਬਰੂਸਟਰ ਪੂਲ )**
200 Dewitt Rd, Winona
**Hill Park Recreation Centre (** ਹਿੱਲ ਪਾਰਕ ਰੈਕਰੀਏਸ਼ਨ ਸੈਂਟਰ )
465 East 16th St, Hamilton
**Huntington Park Recreation Centre (** ਹਨਟਿੰਗਟਨ ਪਾਰਕ ਰੈਕਰੀਏਸ਼ਨ ਸੈਂਟਰ )
87 Brentwood Dr, Hamilton
**Jimmy Thompson Pool ( ਜਿੰਮੀ ਥੌਂਪਸਨ ਪੂਲ )**
1099 King St E, Hamilton
**Norman Pinky Lewis Recreation Centre (** ਨੌਰਮੈਨ ਪਿੰਕੀ ਲੂਇਸ ਰੈਕਰੀਏਸ਼ਨ ਸੈਂਟਰ )
192 Wentworth St N, Hamilton
**Ryerson Recreation Centre (** ਰਾਇਰਸਨ ਰੈਕਰੀਏਸ਼ਨ ਸੈਂਟਰ )Now called **Kanétskare Recreation Centre**
251 Duke St, Hamilton
**Sir Allan MacNab Recreation Centre (** ਸਰ ਐਲਨ ਮੈਕਨੈਬ ਰੈਕਰੀਏਸ਼ਨ ਸੈਂਟਰ )
145 Magnolia Dr, Hamilton
**Sir Wilfrid Laurier Recreation Centre (** ਸਰ ਵਿਲਫ਼ਰਿਡ ਲੌਰੀਏ ਰੈਕਰੀਏਸ਼ਨ ਸੈਂਟਰ )
60 Albright Rd, Hamilton
**Sir Winston Churchill Recreation Centre (** ਸਰ ਵਿੰਸਟਨ ਚਰਚਿਲ ਰੈਕਰੀਏਸ਼ਨ ਸੈਂਟਰ )
1715 Main St E, Hamilton
**Stoney Creek Recreation Centre (** ਸਟੋਨੀ ਕਰੀਕ ਰੈਕਰੀਏਸ਼ਨ ਸੈਂਟਰ )
45 King St W, Stoney Creek
**Valley Park Aquatic and Community Centre (** ਵੈਲੀ ਪਾਰਕ ਐਕੁਐਟਿਕ ਐਂਡ ਰੈਕਰੀਏਸ਼ਨ ਸੈਂਟਰ )
970 Paramount Dr, Stoney Creek
**Westmount Recreation Centre (** ਵੈਸਟਮਾਊਂਟ ਰੈਕਰੀਏਸ਼ਨ ਸੈਂਟਰ )
35 Lynbrook Dr, Hamilton

## ਮਨੋਰੰਜਨ ਫ਼ੀਸ ਮਦਦ ਪਰੋਗਰਾਮ ਬਾਰੇ ਜਾਣਕਾਰੀ ਲਈ ਫੋਨ :

905-546-2424 ਐਕਸਟੈਂਸ਼ਨ 4569
rfap@hamilton.ca

## ਅਰਜ਼ੀ ਦਾ ਫ਼ਾਰਮ ਕਿੱਥੋਂ ਲਿਆ ਜਾ ਸਕਦਾ ਹੈ :

ਅਰਜ਼ੀ ਦੇ ਫ਼ਾਰਮ ਹਮਿਲਟਨ ਸ਼ਹਿਰ ਦੇ ਮਨੋਰੰਜਨ ਅਦਾਰੇ ਤੋਂ ਲਏ ਜਾ ਸਕਦੇ ਹਨ ( ਮਨੋਰੰਜਨ ਕੇਂਦਰ, ਪੂਲ ਜਾਂ ਅਰੀਨਾ ) ਜਾਂ ਇੰਟਰਨੈੱਟ ਤੋਂ: www.hamilton.ca/recreation

## ਅਰਜ਼ੀ ਜਮ੍ਹਾਂ ਕਰਵਾਉਣ ਲਈ

## ਵਿਅਕਤੀਗਤ ਤੌਰ ’ਤੇ :

ਭਰੀ ਹੋਈ ਅਰਜ਼ੀ ( ਪਰਮਾਣ ਪੱਤਰਾਂ ਸਹਿਤ ) ਕਿਸੇ ਵੀ ਪੂਲ ਜਾਂ ਮਨੋਰੰਜਨ ਕੇਂਦਰ ’ਤੇ ਲਿਆ ਸਕਦੇ ਹੋ ।

**ਡਾਕ ਰਾਹੀਂ :**

Recreation Fee Assistance Program
Lister Block, 3rd Floor
P.O. Box 2040
Hamilton, ON L8P 4Y5